**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**
**ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ।**
**ਵੈਬ-ਸਾਈਟ:- www.educationrecruitmentboard.com**

---

# ਪਬਲਿਕ ਨੋਟਿਸ

ਰਮਸਾ ਵੱਲੋਂ ਵੱਖ ਵੱਖ ਵਿਸਿਆਂ ਵਿੱਚ ਆਦਰਸ, ਮਾਡਲ ਅਤੇ ਰਮਸਾ ਦੇ ਸਕੂਲਾਂ ਵਿੱਚ ਅਧਿਆਪਕਾਂ ਦੀ ਭਰਤੀ ਕਰਨ ਲਈ ਡਾਟਾ **www.rmsa.ssapunjab.org** ਦੀ ਵੈਬਸਾਈਟ ਤੇ ਮਿਤੀ 27-11-2013 ਤੱਕ ਆਨਲਾਈਨ ਅਪਲਾਈ ਕਰਵਾਇਆ ਗਿਆ ਸੀ। ਸਬੰਧਤ ਪੋਸਟਾਂ ਦੀ ਤਿੰਨ ਗੁਣਾ ਮੈਰਿਟ ਵਾਲੇ ਯੋਗ ਉਮੀਦਵਾਰਾਂ ਦੀ ਮੈਰਿਟ ਸੂਚੀ ਵਿਭਾਗ ਦੀ ਵੈਬ ਸਾਈਟ **www.educationrecruitmentboard.com & www.rmsa.ssapunjab.org** ਤੇ ਪਾਈ ਗਈ ਸੀ। ਇਹਨਾਂ ਵਿਗਿਆਪਤ ਕੀਤੀਆਂ ਗਈਆਂ ਆਸਾਮੀਆਂ ਦੇ ਤਿੰਨ ਗੁਣਾ ਉਮੀਦਵਾਰਾਂ ਨੂੰ ਮੈਰਿਟ ਅਨੁਸਾਰ ਮਿਤੀ 09-12-2013 ਤੋਂ 31-12-2013, ਮਿਤੀ 06-02-2014 ਤੋਂ 12-02-2014 ਅਤੇ ਮਿਤੀ 11-03-2014 ਤੋਂ 14-03-2014 ਤੱਕ **ਦਸਤਾਵੇਜਾ ਦੀ ਸਕਰੂਟਨੀ ਲਈ ਸ.ਸ.ਸ.ਸ 3ਬੀ-1**, ਐਸ.ਏ.ਐਸ ਨਗਰ ਵਿੱਖੇ ਬੁਲਾਇਆ ਗਿਆ ਸੀ।ਇਸ ਸਕਰੂਟਨੀ ਦੌਰਾਨ ਕੁਝ ਉਮੀਦਵਾਰ ਗੈਰ-ਹਾਜ਼ਰ ਰਹੇ ਅਤੇ ਕੁਝ ਉਮੀਦਵਾਰਾਂ ਦੀ ਸਕਰੂਟਨੀ ਦੌਰਾਨ ਲੋੜੀਂਦੇ ਦਸਤਾਵੇਜ਼ ਪੇਸ਼ ਨਾ ਕਰ ਸਕਣ ਕਾਰਨ ਉਮੀਦਵਾਰਾਂ ਦੀ ਜੋ ਟੈਂਨਟੇਟਿਵ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਸੀ,ਹੁਣ ਉਸ ਤੋਂ ਘੱਟ ਗਈ ਹੈ।ਜਿਸ ਕਾਰਨ ਇੰਟਰਵਿਊ ਲਈ ਤਿੰਨ ਗੁਣਾ ਉਮੀਦਵਾਰ ਪੂਰੇ ਕਰਨ ਲਈ ਜਿਹੜੇ ਉਮੀਦਵਾਰਾਂ ਦੀ ਮੈਰਿਟ ਸਕਰੂਟਨੀ ਕੀਤੇ ਗਏ ਉਮੀਦਵਾਰਾਂ ਨਾਲੋਂ ਵੱਧ ਹੈ ,ਦੇ ਦਸਤਾਵੇਜ਼ਾ ਦੀ ਸਕਰੂਟਨੀ ਲਈ ਹੇਠਾਂ ਦਰਸਾਈਆਂ ਮਿਤੀਆਂ ਅਨੁਸਾਰ **ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 3-ਬੀ-1, ਐਸ.ਏ.ਐਸ ਨਗਰ ਵਿਖੇ ਸਵੇਰੇ 09.00 ਵਜੇ ਤੋਂ ਸਾਮ 5.00 ਵਜੇ ਤੱਕ** ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕੀ ਫੋਟੋਕਾਪੀਆਂ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਪੀ.ਐਸ.ਟੀ.ਈ.ਟੀ.-2 ਪਾਸ ਕਰਨ ਦਾ ਸਬੂਤ, ਕੰਪਿਊਟਰ ਵਿੱਚ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਫਾਰਮ ਦਾ ਸਬੂਤ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਵੱਖੋ ਵੱਖਰੀਆਂ ਫਾਈਲਾਂ ਵਿੱਚ ਲੈ ਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

ਨੋਟ:-

1. ਇੱਥੇ ਇਹ ਸਪਸਟ ਕੀਤਾ ਜਾਦਾ ਹੈ ਕਿ **ਇਹ ਵਿਗਿਆਪਨ ਉਹਨਾਂ ਉਮੀਦਵਾਰਾਂ ਲਈ ਨਹੀਂ ਹੈ ਜਿਹੜੇ ਉਮੀਦਵਾਰ** ਮਿਤੀ 09-12-2013 ਤੋਂ 31-12-2013, ਮਿਤੀ 06-02-2014 ਤੋਂ 12-02-2014 ਅਤੇ ਮਿਤੀ 11-03-2014 ਤੋਂ 14-03-2014 ਤੱਕ **ਕੀਤੀ ਦਸਤਾਵੇਜਾਂ ਦੀ ਸ਼ਕਰੂਟਨੀ ਦੌਰਾਨ ਗੈਰਹਾਜਰ ਸਨ।** ਇਸ ਸੰਬੰਧ ਵਿਚ, ਇਸ ਭਰਤੀ ਲਈ ਦਿੱਤੇ ਵਿਗਿਆਪਨ ਦੀਆਂ ਸਰਤਾਂ ਅਨੁਸਾਰ ਕਾਉਂਸਲਿੰਗ/ਇੰਟਰਵਿਊ ਲਈ ਦੁਬਾਰਾ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ, ਕਿਉ ਕਿ ਮਿਤੀ 09-12-2013 ਤੋਂ 31-12-2013, ਮਿਤੀ 06-02-2014 ਤੋਂ 12-02-2014 ਅਤੇ ਮਿਤੀ 11-03-2014 ਤੋਂ 14-03-2014 ਤੱਕ ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਸ਼ਕਰੂਟਨੀ ਲਈ ਪਹਿਲਾਂ ਹੀ ਦੋ ਮੌਕੇ ਦਿੱਤੇ ਗਏ ਸਨ।

2. ਜੇਕਰ ਕਿਸੇ ਉਮੀਦਵਾਰ ਦੀ ਮੈਰਿਟ ਵਿਭਾਗ ਦੀ ਵੈਬ-ਸਾਈਟ ਤੇ ਦਰਸਾਈ ਗਈ ਮੈਰਿਟ ਤੋਂ ਵੱਧ ਹੈ, ਤਾਂ ਉਹ ਉਮੀਦਵਾਰ ਵੀ ਹੇਠ ਦਰਸਾਏ ਸਡਿਊਲ ਅਨੁਸਾਰ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਹਾਜ਼ਰ ਹੋ ਸਕਦਾ ਹੈ, ਪਰੰਤੂ ਉਹ ਉਮੀਦਵਾਰ ਮਿਤੀ 09-12-2013 ਤੋਂ 31-12-2013, ਮਿਤੀ 06-02-2014 ਤੋਂ 12-02-2014 ਅਤੇ ਮਿਤੀ 11-03-2014 ਤੋਂ 14-03-2014 ਤੱਕ ਹੋਈ ਦਸਤਾਵੇਜ਼ਾਂ ਦੀ ਸਕਰੂਟਨੀ ਦੌਰਾਨ ਗੈਰ-ਹਾਜ਼ਰ ਨਾ ਹੋਇਆ ਹੋਵੇ।

| ਲੜੀ ਨੰ | ਮਿਤੀ | ਵੇਰਵੇ |
|---|---|---|
| 1 | 12-05-2014 | 1. ਆਦਰਸ਼ ਸਕੂਲਾਂ ਵਿੱਚ ਪ੍ਰਿੰਸੀਪਲ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ ਇਤਰਾਜ਼ਾਂ ਦੀ ਪ੍ਰਤੀ ਪੂਰਤੀ ਕਰ ਸਕਦੇ ਹਨ। **(ਇਹ ਇਤਰਾਜ ਉਮਦੀਵਾਰਾਂ ਦੀ ਦਸਤਾਵੇਜਾਂ ਦੀ ਸਕਰੂਟਨੀ ਦੌਰਾਨ ਪਾਈਆਂ ਗਈਆਂ ਅਬਜਰਵੇਸ਼ਨ** ਹਨ। ਇਸ ਨੂੰ ਫਾਈਨਲ ਨਾ ਸਮਝਿਆ ਜਾਵੇ।)<br>2. ਰਮਸਆ ਅਤੇ ਆਦਰਸ਼ ਸਕੂਲਾਂ ਵਿੱਚ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬ-ਸਾਈਟ ਤੇ ਪਾਈ ਗਈ ਲਿਸਟ ਅਨੁਸਾਰ। |
|  | 13-05-2014 | ਮਾਡਲ ਸਕੂਲਾਂ ਦੀਆਂ ਸਾਰੀਆਂ ਕੈਟਾਗਿਰੀਆਂ ਦੇ ਉਮੀਦਵਾਰ ਵੈਬ-ਸਾਈਟ ਦੇ ਪਾਈ ਗਈ ਲਿਸਟ ਅਨੁਸਾਰ। |
| 3 | 14-05-2014 | **ਉਪਰੋਕਤ ਮਿਤੀਆਂ ਵਿੱਚੋਂ ਜੇਕਰ ਕੋਈ ਉਮੀਦਵਾਰ ਕਿਸੇ ਕਾਰਨ ਗੈਰ ਹਾਜਰ ਹੋ ਜਾਂਦਾ ਹੈ ਤਾਂ ਮਿਤੀ 12-05-2014 ਵਾਲੇ ਉਮੀਦਵਾਰ ਆਪਣੇ ਇਤਰਾਜਾਂ ਦੀ ਪ੍ਰਤੀ ਪੂਰਤੀ ਕਰਨ ਲਈ ਅਤੇ ਮਿਤੀ 12-03-2014 ਤੋਂ 13-05-2014 ਵਾਲੇ ਉਮੀਦਵਾਰਾਂ ਨੂੰ ਦਸਤਾਵੇਜਾਂ ਦੀ ਸਕਰੂਟਨੀ ਲਈ ਆਖਰੀ ਮੌਕਾ ਦਿੱਤਾ ਜਾਵੇਗਾ।** |

1. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਦਸਤਾਵੇਜਾਂ ਦੀ ਸਕਰੂਟਨੀ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਾਵੇਜਾਂ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾਂ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਦਸਤਾਵੇਜਾਂ ਦੀ ਸਕਰੂਟਨੀ ਲਈ ਗਠਿਤ ਸਬ ਕਮੇਟੀਆਂ ਵਲੋਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਜੇ ਕਿਸੇ ਉਮੀਦਵਾਰ ਦੀ ਇੱਕ ਤੋਂ ਵੱਧ ਵਿਸਿਆਂ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋਂ ਵੱਧ ਮੈਰਿਟ ਵਿੱਚ ਆਉਂਦਾ/ ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਦਿਨਾਂ ਵਿੱਚ ਕਿਸੇ ਇੱਕ ਵਿਸੇ ਵਿੱਚ ਆਪਸਨ ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ ਪੀ.ਐਸ.ਈ.ਬੀ.ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ ਵਿਖੇ ਦੇਣੀ ਪਵੇਗੀ ਅਤੇ ਖਾਲੀ ਰਹਿ ਗਈਆਂ ਆਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।
6. **www.rmsa.ssapunjab.org & www.educationrecruitmentboard.com** ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸਣਾ ਪੱਤਰ ਅਤੇ ਕਰਾਈਟੀਰੀਈਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ-ਘੋਸਣਾ ਪੱਤਰ ਦਸਤਾਵੇਜਾਂ ਦੀ ਸਕਰੂਟਨੀ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
7. ਸਪੱਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ.ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
8. ਸਾਰੇ ਦਸਤਾਵੇਜਾਂ ਦੀਆਂ ਫੋਟੋਕਾਪੀਆਂ ਇੱਕ ਹੀ ਸਾਈਜ ਦੇ ਪੇਪਰਾਂ ਉਪਰ ਸਾਫ, ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਪੇਜ ਨੰਬਰ ਲਗਾ ਕੇ ਫਾਈਲ ਵਿੱਚ ਲਗਾਏ ਜਾਣ।
9. ਸਾਰੇ ਅਸਲ ਦਸਤਾਵੇਜ ਵੀ ਤਰਤੀਬਵਾਰ ਪੜਤਾਲ ਫਾਰਮ ਅਨੁਸਾਰ ਫਾਈਲ ਵਿੱਚ ਲਗਾਏ ਜਾਣ।

ਕਰਮਜੀਤ ਸਿੰਘ
21/4/13
ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ।